ਕਲਯੁੱਗ 'ਚ ਸਿਰਫ ਨਾਮ ਜਪਣ ਵਾਲਾ ਇਨਸਾਨ ਹੀ ਪਰਮ ਪਿਤਾ ਪ੍ਰਮਾਤਮਾ ਨੂੰ ਪਾ ਸਕਦਾ ਹੈ। ਜਿਸ ਨਾਮ ਦੀ ਵਰਖਾ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਕੀਤੀ, ਲੱਖਾਂ ਦੁਨੀਆਂ ਤਾਰੀ, ਸੱਚਖੰਡ ਦੇ ਵਾਸੀ ਬਣਾਏ, ਉਸ ਨਾਮ ਦਾ ਪ੍ਰਚਾਰ ਤੇ ਪ੍ਰਸਾਰ ਡੇਰਾ ਸੱਚਖੰਡ ਬੱਲਾਂ ਤੋਂ ਪ੍ਰਵਾਹ ਚਲ ਰਿਹਾ ਹੈ। ਇਸ ਡੇਰੇ 'ਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ, ਸਤਿਗੁਰੂ ਸਰਵਣ ਦਾਸ ਜੀ, ਸਤਿਗੁਰੂ ਹਰੀ ਦਾਸ ਜੀ ਮਹਾਰਾਜ, ਸਤਿਗੁਰੂ ਗਰੀਬ ਦਾਸ ਜੀ ਦੀ ਐਸੀ ਅਪਾਰ ਕ੍ਰਿਪਾ ਹੈ ਜੋ ਪ੍ਰੇਮ, ਸ਼ਰਧਾ ਅਤੇ ਵਿਸ਼ਵਾਸ ਨਾਲ ਦੱਸੇ ਤਰੀਕੇ ਨਾਲ ਨਾਮ-ਦਾਨ ਲੈ ਕੇ ਭਜਨ, ਸਿਮਰਨ ਕਰੇਗਾ, ਭਾਵ ਸਾਗਰ ਤੋਂ ਪਾਰ ਹੋ ਸਕਦਾ ਹੈ, ਸੱਚਖੰਡ ਵਾਸੀ ਹੋ ਸਕਦਾ ਹੈ, ਪਰਮ ਪਿਤਾ ਪ੍ਰਮਾਤਮਾ ਨੂੰ ਪਾ ਸਕਦਾ ਹੈ। ਇਹ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਦਰ ਹੈ। ਸਤਿਗੁਰੂ ਸੁਆਮੀ ਸਰਵਣ ਦਾਸ ਜੀ ਨੇ ਭਜਨ, ਸਿਮਰਨ ਸਦਕਾ ਇਥੇ ਪ੍ਰਤੱਖ ਕਰ ਦਿੱਤਾ ਹੈ। ਪਰਮ ਪਿਤਾ ਪ੍ਰਮਾਤਮਾ ਦੇ ਵਿਧੀ ਵਿਧਾਨ ਅਨੁਸਾਰ ਪ੍ਰਮਾਤਮਾ ਆਪ ਕਿਸੇ ਨਾ ਕਿਸੇ ਰੂਪ ਵਿਚ ਇਸ ਧਰਤੀ 'ਤੇ ਬਿਰਾਜਮਾਨ ਰਹਿੰਦਾ ਹੈ। ਇਕ ਤੋਂ ਜ਼ਿਆਦਾ ਰੂਪਾਂ ਵਿਚ ਵੀ ਮੌਜੂਦ ਰਹਿੰਦਾ ਹੈ। ਅੱਜ ਦੇ ਸਮੇਂ ਵਿਚ ਸਤਿਗੁਰੂ ਸੁਆਮੀ ਨਿਰੰਜਣ ਦਾਸ ਜੀ ਦੁਨੀਆਂ ਦੇ ਲੋਕਾਂ ਨੂੰ ਨਾਮ ਜਪਾਉਂਦੇ ਹਨ। ਇਹ ਸਭ ਡੇਰਾ ਸੱਚਖੰਡ ਬੱਲਾਂ ਤੋਂ ਹਰ ਸੁੱਖ ਪ੍ਰਾਪਤ ਕਰ ਚੁੱਕੇ ਹਨ। ਪਰਮ ਪਿਤਾ ਪ੍ਰਮਾਤਮਾ ਦੇ ਦੱਸੇ ਸੰਤ ਸਤਿਗੁਰਾਂ ਦੇ ਮਾਰਗ ਅਨੁਸਾਰ ਪ੍ਰਮਾਤਮਾ ਦੀ ਪ੍ਰਾਪਤੀ ਕਰ ਚੁੱਕੇ ਹਨ। ਦਲਿਤ, ਰਵਿਦਾਸੀਆ ਕੌਮ ਦੇ ਮੇਰੇ ਵੀਰਾਂ-ਭੈਣਾਂ ਨੂੰ ਮੇਰੇ ਵਲੋਂ ਇਹ ਪੈਗਾਮ ਹੈ ਕਿ ਵੱਧ ਤੋਂ ਵੱਧ ਸੰਗਤਾਂ ਨੂੰ ਡੇਰਾ ਸੱਚਖੰਡ ਬੱਲਾਂ ਵਲੋਂ ਚਲ ਰਹੇ ਨਾਮ-ਦਾਨ ਦੇ ਪ੍ਰਵਾਹ ਦਾ ਫਾਇਦਾ ਉਠਾਉਣਾ ਚਾਹੀਦਾ ਹੈ।

—ਦਵਿੰਦਰ ਸਿੰਘ, ਸਰਾਭਾ ਨਗਰ

ਦਲਿਤਾਂ ਦੇ ਰਹਿਬਰ, ਰੂਹਾਨੀਅਤ ਦੇ ਪੁੰਜ

ਬ੍ਰਹਮਲੀਨ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ ਬਰਸੀ ਸਮਾਗਮ 'ਤੇ

ਸ਼ਰਧਾ ਅਤੇ ਸਤਿਕਾਰ ਭਰੀ ਸ਼ਰਧਾਂਜਲੀ ਭੇਟ ਕਰਦੇ ਹਾਂ

ਸੇਠ ਸਤਪਾਲ ਮੱਲ ਅਤੇ ਪਰਿਵਾਰ ਬੂਟਾਂ ਮੰਡੀ (ਜਲੰਧਰ)

ਵਲੋਂ—

Mr. H.R. Hira, Amman (JORDAN)

ਮੁਹੱਲਾ ਸਲਵਾੜਾ, ਹੁਸ਼ਿਆਰਪੁਰ ਵਿਖੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਅਤੇ ਰਵਿਦਾਸੀਆ ਧਰਮ ਨੂੰ ਸਮਰਪਿਤ ਪਹਿਲਾ ਸੰਤ ਸੰਮੇਲਨ ਸ਼ਰਧਾ ਸਹਿਤ ਸੰਪੰਨ

ਮਿਤੀ 19-9-2011, (ਕੁਲਵੰਤ ਕਜਲਾ)—ਸ੍ਰੀ ਗੁਰੂ ਰਵਿਦਾਸ ਜਾਗ੍ਰਤੀ ਨੌਜਵਾਨ ਸਭਾ ਅਤੇ ਇਲਾਕੇ ਦੀ ਸਮੂਹ ਸੰਗਤ ਵਲੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਅਤੇ ਰਵਿਦਾਸੀਆ ਧਰਮ ਨੂੰ ਸਮਰਪਿਤ ਪਹਿਲਾ ਮਹਾਨ ਸੰਤ ਸੰਮੇਲਨ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਪਾਵਨ ਸਰਪ੍ਰਸਤੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਦੇਖ-ਰੇਖ ਹੇਠ ਸ਼ਰਧਾ ਸਹਿਤ ਕਰਵਾਇਆ ਗਿਆ। ਜਿਸ ਦੇ ਸਬੰਧ ਵਿਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਾਪ ਕਰਵਾਏ ਗਏ ਤੇ ਆਰਤੀ ਦਾ ਗਾਇਨ ਕੀਤਾ ਗਿਆ। ਸਮੁੱਚੀ ਮਾਨਵਤਾ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ਉਪਰੰਤ ਦੀਵਾਨ ਕੀਰਤਨ ਸਜਾਏ ਗਏ। ਜਿਸ ਵਿਚ ਗਿ. ਮਿਹਰ ਸਿੰਘ ਜੀ, ਗਿ. ਬੂਟਾ ਸਿੰਘ ਜੀ ਨੇ ਅੰਮ੍ਰਿਤਬਾਣੀ ਦਾ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਅਤੇ 'ਸਰਵਣ ਦਾਸ ਸੁਆਮੀ ਜੀ ਕਰ ਪਰਉਪਕਾਰ ਗਏ' ਸੰਗਤਾਂ ਨੂੰ ਸਰਵਣ ਕਰਾਕੇ ਨਿਹਾਲ ਕੀਤਾ। ਸ੍ਰੀ ਜਸਵੰਤ ਰਾਏ ਜੀ ਨੇ ਸਤਿਗੁਰ ਦੀ ਮਹਿਮਾ ਵਿਚ ਕਵਿਤਾ ਸੁਣਾਈ। ਉਪਰੰਤ ਕੁਠਿਆਲ ਭਜਨ ਮੰਡਲੀ ਸਲਵਾੜਾ ਨੇ ਸੰਗਤਾਂ ਨੂੰ ਸ਼ਬਦ ਸਰਵਣ ਕਰਵਾਏ। ਸ੍ਰੀ ਮੋਹਣ ਲਾਲ ਭਟੋਆ ਜੀ ਨੇ ਵੀ ਮਹਿਮਾ ਸਰਵਣ ਕਰਵਾਈ। ਉਪਰੰਤ ਸ੍ਰੀ ਤਰਸੇਮ ਦੀਵਾਨਾ ਜੀ ਨੇ 'ਮਾਤਾ ਕਲਸਾਂ ਨੂੰ ਲੋਕੀਂ ਦੇਣ ਵਧਾਈਆਂ' ਸੰਗਤਾਂ ਨੂੰ ਗੁਰੂ ਉਪਮਾ ਸਰਵਣ ਕਰਵਾਈ। ਇਸਤੋਂ ਉਪਰੰਤ ਸ੍ਰੀ ਪੰਮਾ ਸੁੰਨੜ ਜੀ ਨੇ 'ਹਰਿ ਦਾ ਨਿਸ਼ਾਨ ਸਾਡਾ ਪਿਆਰਾ ਸੰਗਤੇ', 'ਦੁਨੀਆਂ ਕਰੂੰਗੀ ਰਵਿਦਾਸੀਆਂ ਨੂੰ ਯਾਦ' ਆਦਿ ਰਚਨਾਵਾਂ ਸਰਵਣ ਕਰਵਾਈਆਂ। ਇਸ ਤੋਂ ਉਪਰੰਤ ਸੰਤ ਮੋਹਣ ਦਾਸ ਜੀ ਨੂਰਪੁਰ ਵਾਲਿਆਂ ਨੇ 'ਸਤਿਗੁਰੂ ਮੇਰੇ ਪੂਰੇ ਸਤਿਗੁਰ' ਸੰਗਤਾਂ ਨੂੰ ਮਹਿਮਾ ਸਰਵਣ ਕਰਵਾਈ। ਇਸ ਤੋਂ ਉਪਰੰਤ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਵਡਮੁੱਲੇ ਅਤੇ ਕ੍ਰਾਂਤੀਕਾਰੀ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨਾਲ ਜੋੜਕੇ ਉਹਨਾਂ ਵਲੋਂ ਉਚਾਰਨ ਕੀਤੇ ਅੰਮ੍ਰਿਤਬਾਣੀ ਦੇ ਪਾਵਨ ਸ਼ਬਦ 'ਜਿਹ ਕੁਲ ਸਾਧ ਬੈਸਨੋ ਹੋਇ, ਵਰਨ ਅਵਰਨ ਰੰਕੁ ਨਹੀਂ ਈਸਰ ਬਿਮਲ ਬਾਸ ਜਾਨੀਐ ਜੱਗ ਸੋਇ' ਅਤੇ 'ਸਾਧ ਕਾ ਨਿੰਦਕ ਕੈਸੇ ਤਰੈ, ਸਰਪਰ ਜਾਨਹੁ ਨਰਕ ਹੀ ਪਰੈ' ਇਹਨਾਂ ਸ਼ਬਦਾਂ ਦਾ ਵਿਸਥਾਰ ਰੂਪ ਵਿਚ ਵਿਖਿਆਨ ਕਰਕੇ ਸੰਗਤਾਂ ਨੂੰ ਵਡਮੁੱਲਾ ਗਿਆਨ ਬਖਸ਼ਿਸ਼ ਕੀਤਾ। ਉਹਨਾਂ ਕਿਹਾ ਕਿ ਅੱਜ ਪੂਰੇ ਵਿਸ਼ਵ ਵਿਚ ਜਗਤਗੁਰੂ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਕ੍ਰਿਪਾ ਸਦਕਾ ਸਮੁੱਚੀ ਰਵਿਦਾਸੀਆ ਕੌਮ ਅੰਦਰ ਖੁਸ਼ੀ ਦੀ ਲਹਿਰ ਹੈ ਅਤੇ 'ਹਰਿ ਦੇ ਕੌਮੀ ਨਿਸ਼ਾਨ ਝੂਲ ਰਹੇ ਹਨ। ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੈਕਾਰੇ ਗੂੰਜ ਰਹੇ ਹਨ। ਅੱਜ ਅਸੀਂ ਇੱਜ਼ਤ ਅਣਖ ਦੀ ਜ਼ਿੰਦਗੀ ਬਤੀਤ ਕਰ ਰਹੇ ਹਾਂ, ਇਹ ਆਪਣੇ ਰਹਿਬਰਾਂ ਦੀਆਂ ਕੁਰਬਾਨੀਆਂ ਸਦਕਾ ਹੀ ਹੈ। ਬ੍ਰਹਮਲੀਨ ਸ੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਵਲੋਂ ਕੀਤੇ ਕੰਮ 'ਤੇ ਪਰਉਪਕਾਰਾਂ ਬਾਰੇ ਦੱਸਿਆ ਕਿ ਸਦੀਆਂ ਤੋਂ ਬਾਅਦ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਦੀ ਦਿੱਬ ਦ੍ਰਿਸ਼ਟੀ ਰਾਹੀਂ ਖੋਜ ਕਰਕੇ ਸੰਤ ਹਰੀ ਦਾਸ ਮਹਾਰਾਜ ਜੀ ਪਾਸੋਂ ਮੰਦਰ ਦੀ ਨੀਂਹ ਰਖਵਾਈ ਅਤੇ ਉਸਾਰੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਸੰਤ ਗਰੀਬ ਦਾਸ ਮਹਾਰਾਜ ਜੀ ਨੇ ਨਿਭਾਈਆਂ। ਅੱਜ ਆਪਣੇ ਗੁਰੂਆਂ ਦੇ ਹੁਕਮਾਂ ਨੂੰ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਪ੍ਰਵਾਨ ਚੜ੍ਹਾ ਰਹੇ ਹਨ। ਉਹਨਾਂ ਨੇ ਕਿਹਾ ਕਿ ਰਵਿਦਾਸੀਆ ਧਰਮ ਦੇ ਮਹਾਨ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਨੇ ਆਪਣਾ ਸਾਰਾ ਜੀਵਨ ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ ਅਤੇ ਪ੍ਰਸਾਰ ਕਰਦੇ ਹੋਏ ਸ਼ਹਾਦਤ ਦਾ ਜਾਮ ਪੀਂਦੇ ਹੋਏ ਸਮੁੱਚੀ ਕੌਮ ਅੰਦਰ ਅਣਖ ਦਾ ਲਾਵਾ ਭਰ ਦਿੱਤਾ ਤੇ ਸਮੁੱਚੀ ਕੌਮ ਨੂੰ ਇਕ ਪਲੇਟਫਾਰਮ 'ਤੇ ਇਕੱਠਾ ਕਰ ਗਏ ਤੇ ਅਮਰ ਸ਼ਹੀਦ ਸ੍ਰੀ ਵਿਜੈ ਕੁਮਾਰ ਜੀ, ਸ਼ਹੀਦ ਤੇਲੂ ਰਾਮ ਜੀ, ਸ਼ਹੀਦ ਰਜਿੰਦਰ ਕੁਮਾਰ ਜੀ ਤੇ ਸ਼ਹੀਦ ਸ੍ਰੀ ਬਲਕਾਰ ਸਿੰਘ ਜੀ, ਇਹਨਾਂ ਅਮਰ ਸ਼ਹੀਦਾਂ ਨੇ ਵੀ ਆਪਣੇ ਰਹਿਬਰਾਂ ਦੇ ਮਿਸ਼ਨ ਲਈ ਕੁਰਬਾਨੀ ਦੇ ਕੇ ਆਪਣਾ ਨਾਮੁ ਹਮੇਸ਼ਾ ਲਈ ਅਮਰ ਕਰ ਦਿੱਤਾ ਹੈ। ਜਦੋਂ ਤੱਕ ਸੂਰਜ ਚੰਦ ਸਿਤਾਰੇ ਰਹਿਣਗੇ ਇਹਨਾਂ ਦਾ ਨਾਮ ਹਮੇਸ਼ਾ ਲਈ ਚਮਕਦਾ ਰਹੇਗਾ। ਉਹਨਾਂ ਕਿਹਾ ਕਿ ਅੱਜ ਸਾਡਾ ਆਪਣਾ ਧਰਮ ਹੈ। ਅਸੀਂ ਫ਼ਖਰ ਨਾਲ ਕਹਿ ਸਕਦੇ ਹਾਂ ਕਿ ਅਸੀਂ ਰਵਿਦਾਸੀਏ ਹਾਂ। ਸਾਨੂੰ ਆਪਣੇ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਚਾਹੀਦਾ ਹੈ ਤੇ ਬਾਕੀ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕਿਉਂਕਿ ਸਾਰੇ ਹੀ ਧਰਮ ਸਮੁੱਚੀ ਮਾਨਵਤਾ ਨੂੰ ਸੱਚ ਦਾ ਰਾਹ ਦਿਖਾਉਂਦੇ ਹਨ। ਉਹਨਾਂ ਕਿਹਾ ਕਿ ਸਾਨੂੰ ਆਪਣੇ ਰਹਿਬਰਾਂ ਦੀਆਂ ਸਿੱਖਿਆਵਾਂ 'ਤੇ ਚਲਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ। ਇਸ ਤੋਂ ਉਪਰੰਤ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਆਪਣੇ ਪ੍ਰਵਚਨ ਸਰਵਣ ਕਰਵਾਏ। ਉਹਨਾਂ ਕਿਹਾ ਕਿ ਸਾਨੂੰ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਹੀ ਆਪਣੇ ਸਾਰੇ ਕਾਰਜ ਕਰਨੇ ਚਾਹੀਦੇ ਹਨ ਤੇ ਉਸ ਦਾ ਪ੍ਰਚਾਰ ਤੇ ਪ੍ਰਸਾਰ ਪੂਰੇ ਵਿਸ਼ਵ ਵਿਚ ਜਨ-ਜਨ ਤਕ ਪਹੁੰਚਾਉਣਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੇ ਰਹਿਬਰਾਂ ਦਾ ਕਰਜ਼ਾ ਉਤਾਰ ਸਕਦੇ ਹਾਂ। ਉਪਰੰਤ ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਸੰਗਤਾਂ ਨੂੰ ਆਪਣੇ ਪ੍ਰਵਚਨਾਂ ਰਾਹੀਂ ਰਹਿਬਰਾਂ ਦੇ ਮਿਸ਼ਨ ਨਾਲ ਜੋੜਕੇ ਉਹਨਾਂ ਦੇ ਪਰਉਪਕਾਰਾਂ ਤੋਂ ਜਾਣੂ ਕਰਵਾ ਕੇ ਨਿਹਾਲ ਕੀਤਾ। ਇਸ ਤੋਂ ਉਪਰੰਤ ਦਾਸ ਕੁਲਵੰਤ ਕਜਲਾ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਰਵਿਦਾਸੀਆ ਧਰਮ ਦੇ ਸਬੰਧ ਵਿਚ ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਬਿਆਨ ਕੀਤੀ 'ਮਹਿਮਾ ਜਗਤਗੁਰੂ ਰਵਿਦਾਸ ਜੀ ਦੀ ਹੈ ਕ੍ਰਿਪਾ ਹੋਈ ਕੌਮ ਸੁੱਤੀ ਰਵਿਦਾਸੀਆ ਹੁਣ ਉੱਠ ਖਲੋਈ' ਰਚਨਾ ਸੰਗਤਾਂ ਨੂੰ ਸਰਵਣ ਕਰਵਾਈ। ਇਸ ਤੋਂ ਉਪਰੰਤ ਸੰਤ ਮਥੁਰਾ ਦਾਸ ਜੀ (ਸਲਵਾੜਾ) ਵਾਲਿਆਂ ਨੇ ਆਏ ਸੰਤ-ਮਹਾਂਪੁਰਸ਼ਾਂ ਦਾ ਤੇ ਆਈਆਂ ਸਮੂਹ ਸੰਗਤਾਂ ਦਾ ਤਹਿ. ਦਿਲੋਂ ਧੰਨਵਾਦ ਕੀਤਾ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਬੇਗਮਪੁਰਾ ਟਾਇਗਰ ਫੋਰਸ ਪੰਜਾਬ ਨੇ ਅਹਿਮ ਸੇਵਾ ਨਿਭਾਈ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਉਪਮਾ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਵਲੋਂ ਆਏ ਸੰਤ-ਮਹਾਂਪੁਰਸ਼ਾਂ ਦਾ ਅਤੇ ਸਮਾਗਮ ਵਿਚ ਵਡਮੁੱਲੀਆਂ ਸੇਵਾਵਾਂ ਨਿਭਾਉਣ ਵਾਲੀਆਂ ਸੰਗਤਾਂ ਦਾ ਮਾਣ-ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਸੰਗਤਾਂ ਨੇ ਜੋ ਮਾਇਆ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਸੀ, ਮਹਾਰਾਜ ਜੀ ਨੇ ਸਾਰੀ ਮਾਇਆ ਪ੍ਰਬੰਧਕ ਕਮੇਟੀ ਨੂੰ ਅਸ਼ੀਰਵਾਦ ਵਜੋਂ ਭੇਟ ਕਰ ਦਿੱਤੀ। ਇਸ ਸਮਾਗਮ ਵਿਚ ਸਟੇਜ ਸਕੱਤਰ ਦੀ ਸੇਵਾ ਸ੍ਰੀ ਨਿਰੰਜਣ ਚੀਮਾ ਜੀ ਨੇ ਬੜੇ ਹੀ ਸੁਚੱਜੇ ਢੰਗ ਨਾਲ ਨਿਭਾਈ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਅੱਸੂ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਡੇਰਾ ਸੱਚਖੰਡ ਬੱਲਾਂ ਵਿਖੇ ਸ਼ਰਧਾ ਸਹਿਤ ਮਨਾਇਆ

ਮਿਤੀ 17-9-2011—ਡੇਰਾ ਸੱਚਖੰਡ ਬੱਲਾਂ ਜਲੰਧਰ ਵਿਖੇ ਅੱਸੂ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਪਾਵਨ ਸਰਪ੍ਰਸਤੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਦੇਖ-ਰੇਖ ਹੇਠ ਸ਼ਰਧਾ ਸਹਿਤ ਮਨਾਇਆ ਗਿਆ। ਜਿਸ ਦੇ ਸਬੰਧ ਵਿਚ ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਜਾਪ ਕਰਵਾਏ ਗਏ ਆਰਤੀ ਦਾ ਗਾਇਨ ਗਿ. ਮਿਹਰ ਸਿੰਘ ਜੀ ਅਤੇ ਸਾਥੀਆਂ ਨੇ ਕੀਤਾ। ਸਮੁੱਚੀ ਮਾਨਵਤਾ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ, ਉਪਰੰਤ ਦੀਵਾਨ ਕੀਰਤਨ ਸਜਾਏ ਗਏ। ਜਿਸ ਵਿਚ ਗਿ. ਉਂਕਾਰ ਸਿੰਘ ਜੀ ਗੜ੍ਹਪਧਾਣੇ ਵਾਲਿਆਂ ਨੇ 'ਦਰਸ਼ਨ ਦੀਜੈ ਰਾਮ', ਗਿ. ਤਜਿੰਦਰ ਸਿੰਘ ਜੀ ਨੇ 'ਮੋਹਿ ਨਾ ਵਿਸਾਰਹੁ ਮੈਂ ਜਨ ਤੇਰਾ', ਭਾਈ ਸਤੀਸ਼ ਜੀ ਕੈਂਟ ਵਾਲਿਆਂ ਨੇ 'ਸਗਲ ਭਵਨ ਕੇ ਨਾਇਕਾ ਇਕ ਛਿਨੁ ਦਰਸ ਦਿਖਾਇ ਜੀ', ਭਾਈ ਹਰਪਾਲ ਸਿੰਘ ਵਿਰਦੀ ਜੀ ਨੇ 'ਸੰਤ ਤੁਝੀ ਤਨ ਸੰਗਤ ਪ੍ਰਾਨ', 'ਰਵਿਦਾਸ ਜਹ ਗ੍ਰੰਥ ਹੈ ਪੜੈ ਸੁਨੈ ਮਨ ਲਾਇ' ਅੰਮ੍ਰਿਤਬਾਣੀ ਦੇ ਸ਼ਬਦ ਸੰਗਤਾਂ ਨੂੰ ਸਰਵਣ ਕਰਾਕੇ ਨਿਹਾਲ ਕੀਤਾ। ਇਸ ਤੋਂ ਉਪਰੰਤ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਨੇ ਅੱਸੂ ਦਾ ਮਹੀਨਾ ਸੰਗਤਾਂ ਨੂੰ ਸਰਵਣ ਕਰਵਾਇਆ ਅਤੇ ਉਹਨਾਂ ਦੇ ਸਹਿਯੋਗੀ ਸਤਿਕਾਰਯੋਗ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਵੱਡਮੁੱਲੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਅੱਸੂ ਦੇ ਮਹੀਨੇ ਦਾ ਮਹਾਤਵ ਸਮਝਾਇਆ। ਉਹਨਾਂ ਕਿਹਾ ਕਿ ਜਗਤਗੁਰੂ ਸਤਿਗੁਰ ਰਵਿਦਾਸ ਮਹਾਰਾਜ ਜੀ ਨੇ ਅੰਮ੍ਰਿਤਬਾਣੀ ਦੇ ਬਾਰਾਂ ਮਾਸ ਉਪਦੇਸ਼ ਦਾ ਉਚਾਰਣ ਕਰਕੇ ਸਮੁੱਚੀ ਮਾਨਵਤਾ ਨੂੰ ਵੱਡਮੁੱਲਾ ਗਿਆਨ ਬਖਸ਼ਿਸ਼ ਕੀਤਾ ਹੈ। ਉਹਨਾਂ ਕਿਹਾ ਕਿ ਸਾਨੂੰ ਆਪਣੇ ਰਹਿਬਰਾਂ ਵਲੋਂ ਦੱਸੇ ਮਾਰਗ 'ਤੇ ਚਲ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ ਤੇ ਉਹਨਾਂ ਦੇ ਸੁਪਨਿਆਂ ਨੂੰ ਸਕਾਰ ਕਰਨਾ ਚਾਹੀਦਾ ਹੈ, ਤਾਂ ਹੀ ਅਸੀਂ ਆਪਣੇ ਰਹਿਬਰਾਂ ਦੇ ਸੱਚੇ ਪੈਰੋਕਾਰ ਅਖਵਾਵਾਂਗੇ। ਇਸ ਤੋਂ ਉਪਰੰਤ ਸੰਤ ਮੋਹਣ ਦਾਸ ਜੀ ਨੇ 'ਦੁਆਰ ਦੱਸਵੇਂ ਦਾ ਖੋਲ੍ਹਦੇ ਨੇ ਤਾਲਾ ਹੈ ਕੁੰਜੀ ਹੱਥ ਸਾਧੂਆਂ ਦੇ' ਸੰਤਾਂ ਦੀ ਮਹਿਮਾ ਸਰਵਣ ਕਰਵਾਈ। ਉਪਰੰਤ ਦਾਸ ਕੁਲਵੰਤ ਕਜਲਾ ਨੇ ਸਤਿਗੁਰਾਂ ਦੀ ਮਹਿਮਾ ਵਿਚ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਲਿਖੀ ਰਚਨਾ 'ਜਗਤ ਗੁਰੂ ਰਵਿਦਾਸ ਦੀ ਹੈ ਕ੍ਰਿਪਾ ਹੋਈ, ਕੌਮ ਸੁੱਤੀ ਰਵਿਦਾਸੀਆ ਹੁਣ ਉੱਠ ਖਲੋਈ' ਸੰਗਤਾਂ ਨੂੰ ਰਚਨਾ ਸਰਵਣ ਕਰਵਾਈ। ਉਪਰੰਤ ਸ੍ਰੀ ਜੋਗਿੰਦਰ ਦੁਖੀਆ ਜੀ ਨੇ 'ਮਿਸ਼ਨ ਹੈ ਗੁਰੂ ਰਵਿਦਾਸ ਦਾ ਸਾਨੂੰ ਮੁੜ-ਮੁੜ ਵਾਜਾਂ ਮਾਰਦਾ' ਰਚਨਾ ਸਰਵਣ ਕਰਵਾਈ। ਉਪਰੰਤ ਸ੍ਰੀ ਬਲਵਿੰਦਰ ਬਿੱਟੂ ਜੀ ਨੇ ਸੰਤਾਂ ਦੇ ਬੋਲ, 'ਸਾਨੂੰ ਜਿੰਨੇ ਵੀ ਅੱਜ ਹੱਕ ਮਿਲੇ ਸਭ ਦਿੱਤੇ ਕਾਂਸ਼ੀ ਵਾਲੇ ਨੇ', 'ਸਤਿਗੁਰਾਂ ਦੀ ਮਹਿਮਾ ਸਰਵਣ ਕਰਵਾਈ।' ਉਪਰੰਤ ਸ੍ਰੀ ਕਾਬਲ ਰਾਮ ਟਾਂਡੀ ਵਾਲਿਆਂ ਨੇ 'ਮੈਨੂੰ ਨੌਕਰ ਰੱਖ ਲਉ ਸਤਿਗੁਰ ਜੀ ਆਪਣੇ ਦਰਬਾਰ ਦਾ' ਸਤਿਗੁਰਾਂ ਦੀ ਮਹਿਮਾ ਸਰਵਣ ਕਰਵਾਈ। ਉਪਰੰਤ ਮਾਤਾ ਕਲਸਾਂ ਭਜਨ ਮੰਡਲੀ ਬੂਟਾਂ ਮੰਡੀ ਵਾਲੀਆਂ ਬੀਬੀਆਂ ਨੇ ਅੰਮ੍ਰਿਤਬਾਣੀ ਦਾ ਸ਼ਬਦ 'ਅਬ ਕੈਸੇ ਛੂਟੇ ਨਾਮ ਰੱਟ ਲਾਗੀ' ਸਰਵਣ ਕਰਵਾਇਆ। ਇਸ ਮੌਕੇ 'ਤੇ ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿਚ ਸੰਤ ਫਕੀਰ ਦਾਸ ਤੰਦਵਾਲੀ ਹਰਿਆਣਾ ਵਾਲਿਆਂ ਤੇ ਸੰਤ ਪਤਰਮ ਦਾਸ ਜੀ ਨੇ ਵੀ ਸਮਾਗਮ ਵਿਚ ਹਾਜ਼ਰੀ ਭਰੀ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਜਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਇਸ ਸਮਾਗਮ ਵਿਚ ਸਟੇਜ ਸਕੱਤਰ ਦੀ ਸੇਵਾ ਪ੍ਰਧਾਨ ਗੁਰਦਿਆਲ ਸਿੰਘ ਨੇ ਬਾਖੂਬੀ ਨਿਭਾਈ। ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ।

ਸੰਗਰਾਂਦ ਦੇ ਪਵਿੱਤਰ ਦਿਹਾੜੇ 'ਤੇ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਅਤੇ ਹੋਰ ਸੰਤ ਮਹਾਂਪੁਰਸ਼, ਸੰਤ ਸੁਰਿੰਦਰ ਦਾਸ ਬਾਵਾ ਜੀ ਪ੍ਰਵਚਨ ਕਰਦੇ ਹੋਏ ਅਤੇ ਸੰਗਤਾਂ ਦਾ ਭਾਰੀ ਇਕੱਠ।

ਸੰਤ ਪਿੱਪਲ ਦਾਸ ਜੀ

—ਮਹਿੰਦਰ ਸੰਧੂ, ਮਹੇੜੂ

ਡੇਰਾ ਸੱਚਖੰਡ ਬੱਲਾਂ ਦੀਆਂ ਹੋਣ ਦੁਨੀਆਂ 'ਤੇ ਗੱਲਾਂ।
ਆਉਣ ਦਰ ਉੱਤੇ ਸੰਗਤਾਂ ਹਜ਼ਾਰ।
ਗੁਰੂ ਜੀ ਤੇਰੀ ਬਾਣੀ ਦਾ, ਜਿੱਥੇ ਹੁੰਦਾ ਰਹੇ ਪ੍ਰਚਾਰ।
ਪਿੱਪਲ ਦਾਸ ਸੰਤਾਂ ਦੀ, ਮਹਿਮਾ ਬੜੀ ਨਿਆਰੀ।
ਇਸ ਜਗ੍ਹਾ 'ਤੇ ਬਹਿ ਕੇ ਉਨ੍ਹਾਂ ਨੇ, ਭਗਤੀ ਕੀਤੀ ਭਾਰੀ।
ਲੱਖਾਂ-ਕਰੋੜਾਂ ਬੰਦਿਆਂ ਦੇ, ਜਿਨ੍ਹਾਂ ਦਿੱਤੇ ਜਨਮ ਸੁਧਾਰ।
ਗੁਰੂ ਜੀ ਤੇਰੀ ਬਾਣੀ ਦਾ................।
ਸੰਤ ਸਰਵਣ ਦਾਸ ਸਰਵਨ ਬਣ ਕੇ, ਚੁੱਕੀ ਧਰਮ ਦੀ ਵੈਂਹਗੀ।
ਦੁਨੀਆਂ ਦੇ ਵਿਚ ਮੁਫ਼ਤ ਲੁਟਾ ਗਏ, ਦਾਤ ਨਾਮ ਦੀ ਮਹਿੰਗੀ।
ਮਜ਼ਲੂਮਾਂ ਨੂੰ ਗਲ ਨਾਲ ਲਾ ਕੇ ਕਰਦੇ ਪਿਆਰ।
ਗੁਰੂ ਜੀ ਤੇਰੀ ਬਾਣੀ ਦਾ................।
ਸੰਤ ਮਾਰਗ 'ਤੇ ਚੱਲ ਸੰਤ ਹਰੀ ਦਾਸ, ਹਰਿ-ਹਰਿ ਨਾਮ ਧਿਆਇਆ।
ਗਰੀਬ ਦਾਸ ਨੇ ਮੇਹਰਾਂ ਕਰਕੇ, ਪਲਟ ਦਿੱਤੀ ਹੈ ਕਾਇਆ।
ਸੰਤ ਨਿਰੰਜਣ ਦਾਸ ਗੁਰਗੱਦੀ ਦੇ ਬਣ ਗਏ ਸੇਵਾਦਾਰ।
ਗੁਰੂ ਜੀ ਤੇਰੀ ਬਾਣੀ ਦਾ................।
ਸੰਤ ਰਾਮਾਨੰਦ ਤੇ ਸੁਰਿੰਦਰ ਬਾਵਾ, ਬਚਨ ਅਣਮੁੱਲੇ ਕਹਿੰਦੇ।
'ਮਹਿੰਦਰ ਸੰਧੂ' ਵਰਗੇ ਤਾਂਹੀਓਂ, ਚਰਨ ਧੂੜ ਲੈ ਬਹਿੰਦੇ।
ਮਹੇੜੂ ਆਖੇ ਕਵੀਆਂ ਦਾ, ਜਿੱਥੇ ਹੁੰਦਾ ਹੈ ਸਤਿਕਾਰ।
ਗੁਰੂ ਜੀ ਤੇਰੀ ਬਾਣੀ ਦਾ, ਜਿਥੇ ਹੁੰਦਾ ਰਹੇ ਪ੍ਰਚਾਰ।

ਰਵਿਦਾਸੀਆ ਕੌਮ ਦਾ ਆਪਣਾ ਚੈਨਲ ਕਾਂਸ਼ੀ ਟੀ.ਵੀ. ਦਾ ਸ਼ੁਭ ਉਦਘਾਟਨ ਬਰਮਿੰਘਮ ਇੰਗਲੈਂਡ ਵਿਖੇ 1 ਅਕਤੂਬਰ 2011 ਨੂੰ

—ਕੁਲਵੰਤ ਕਜਲਾ

ਸ਼੍ਰੀ ਗੁਰੂ ਰਵਿਦਾਸ ਮਿਸ਼ਨ ਇੰਟਰਨੈਸ਼ਨਲ ਵਲੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਿਪਾ ਸਦਕਾ। ਰਵਿਦਾਸੀਆ ਕੌਮ ਦਾ ਆਪਣਾ ਚੈਂਨਲ ਕਾਂਸ਼ੀ ਟੀ.ਵੀ. ਦਾ ਸ਼ੁਭ ਉਦਘਾਟਨ ਸਤਿਗੁਰਾਂ ਦੀ ਕ੍ਰਿਪਾ ਨਾਲ ਮਿਤੀ 1 ਅਕਤੂਬਰ 2011 ਦਿਨ ਸ਼ਨੀਵਾਰ ਨੂੰ ਬਰਮਿੰਘਮ ਇੰਗਲੈਂਡ ਵਿਖੇ ਹੋ ਰਿਹਾ ਹੈ। ਜਿਸਦਾ ਪ੍ਰਸਾਰਣ ਪੂਰੇ ਵਿਸ਼ਵ-ਭਰ ਵਿਚ ਹੋਵੇਗਾ। ਜਿਸ ਵਿਚ ਸੰਗਤਾਂ ਨੂੰ ਵੱਡਮੁੱਲਾ ਗਿਆਨ ਪ੍ਰਾਪਤ ਹੋਵੇਗਾ। ਕਾਂਸ਼ੀ ਟੀ.ਵੀ. ਸ਼ੁਰੂ ਹੋਣ ਨਾਲ ਸਮੁੱਚੀਆਂ ਸੰਗਤਾਂ ਅੰਦਰ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕਰਦੇ ਹਾਂ ਕਿ ਕਾਂਸ਼ੀ ਟੀ.ਵੀ. ਦਿਨ ਦੁੱਗਣੀ,ਰਾਤ ਚੌਗੁਣੀ ਤਰੱਕੀ ਕਰੇ ਤੇ ਆਪਣੇ ਰਹਿਬਰਾਂ ਦੇ ਮਿਸ਼ਨ ਦਾ ਪ੍ਰਚਾਰ ਅਤੇ ਪ੍ਰਸਾਰ ਸੰਗਤਾਂ ਤੱਕ ਘਰ-ਘਰ ਪਹੁੰਚਾਉਂਦਾ ਰਹੇ। ਕਾਂਸ਼ੀ ਟੀ.ਵੀ. ਨਾਲ ਸੰਪਰਕ ਕਰਨ ਲਈ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ। —ਕਜਲਾ

Ist Floor Hallwill Industrial Estate
Hilltop Westbrom B-70 OUH
Birmingham (U.K.) England

Amrit Bani Jagatguru Ravidass Ji

BHAIRO BANI

Bin(u) dekhe upjai nahi aasaa.
Jo deesai so hoie binaasaa.
Baran saht(i) jo jaapai naam.
So jogee kewal nihkaam(u).
Parchai raam(u) ravai jo koiee.
Paaras(u) parsai dubidha na hoiee.(Rahaao).
So mun(i) man ki dubidha khaai.
Binu duaare trai lok samaaie.
Man kaa subhaao sabh koiee karai.
Kartaa hoie s(u) anbhai rahai.
Phal kaaran pholli Banrai.
Phal laagaa tab phooll(u) bilaaie.
Gianae karan karam abhyas(u).
Giaanu bhieea tah karmah nass(u).
Ghrit kaaran dadh(i) mathai sieaan.
Jeewat mukat sadaa nirbaan.
Keh(i) Ravidass param bairaag.
Ridhai raam(u) kee na japis abhaag.

Without seeing something, the yearning for it does not arise. Whatever is seen, shall pass away. He who worships God is a true Yogi free from desires. When someone utters the Name of the Lord with love, it is as if he has touched the Philosopher's stone; his sense of duality is eradicated. He who destroys the duality of his mind, alone is a silent sage. Attuned to the Creator Lord, one remains free from fear. Plants blossom forth to produce fruit. When fruit is produced the flowers wither away. For the sake of spiritual wisdom, people act and practice rituals. When spiritual wisdom wells up, then actions are left behind. Those who are jiwan-mukt, liberated while yet alive- are forever in the state of Nirvaan. O! unfortunate people why don't you meditate on the Lord with love in your heart.

Bin(u) dekhe upjai nahi aasaa.
Jo deesai so hoie binaasaa.

Without beholding the paradise the hope does not emerge and all that is visible is perishable.

Baran saht(i) jo jaapai naam.
So jogee kewal nihkaam(u).

He who repeateth His name with due regard ; that saint is a true renunciator.

Parchai raam(u) ravai jo koiee.
Paaras(u) parsai dubidha na hoiee.(Rahaao).

He who absorbs himself in uttering God's name, By his blessing he meets the Guru ; the Paras in whose company his duality does not remain (Pause)

So mun(i) man ki dubidha khaai.
Binu duaare trai lok samaaie.

He is a true Muni (sage) in whose heart duality does not remain. All the desires of three worlds, absorb into enrichment of doorless – the God.

Man kaa subhaao sabh koiee karai.
Kartaa hoie s(u) anbhai rahai.

Every body follows his natural inclinations but he, who is a creator, does with the intuition.

Phal kaaran pholli Banrai.
Phal laagaa tab phooll(u) bilaaie.

The whole vegetation blooms to produce fruit ; but, when the fruit appears the blooms go away.

Gianae karan karam abhyas(u).
Giaanu bhieea tah karmah nass(u).

To get Divine knowledge people practice recitation but once the Divine knowledge is attained religious ceremonies are felt unnecessary.

Ghrit kaaran dadh(i) mathai sieaan.
Jeewat mukat sadaa nirbaan.

To prepare butter woman uses ti churn coagulated milk ; saints churn mind to get emancipation. Complete Intuition frees from transmigration.

Keh(i) Ravidass param bairaag.
Ridhai raam(u) kee na japis abhaag.

Guru Ravidass Ji says that detachment is supreme and compulsory. O ! unfortunate man ! remain dedication in contemplations of God's name.

-Chain Ram Suman Dera Sachkhand Ballan

Ravidassia Dharam

After the martyrdom of Sant Rama Nand Ji entire Ravidassia community was agitated. They felt leaderless. For many years there was urge of Ravidassia community for a separate identity. Sant Rama Nand Ji had already pointed out in his speech delivered in the House of Commons, U.K on 28-03-2007 as below;

"Now worldwide there is strong urge among Guru Ji's followers of establishing a separate identity of their own. But the pre-requisites for any people to establish a separate identity are-(i) Common Name, (ii) Common Guru, (ii) Common Place of Pilgrimage, (iv) Common Religious Book, (v) Common Religious Symbol and a (vi) Common method of Salutation. It is for the intellectuals, thinkers and various religious institutions to debate over these issues and take a well considered decision. The earlier it is done, better it will be for the community."

Now the slogan of separate identity was on everybody's tongue. All had focused their eyes on Dera Sach Khand Bal. All the Sant Samaj was contacted by the Dera. Sant Surinder Dass Bawa Ji played a leading role in introducing separate religion and separate religious book. The Sant Samaj decided to launch Ravidassia Dharam and instal 'Amrit Bani Satguru Ravidass Maharaj Ji' as religious book. Accordingly, Ravidassia Dharam, 'Amrit Bani Satguru Ravidass Maharaj Ji' and Qaumi Nishaan HAR(i) were announced on 30th January 2010 in the presence of more than ten lakhs of devotees, from India and abroad, on the auspicious occasion of 633rd Guru Ravidass Jyanti Day at Shri Guru Ravidass Janam Asthan Mandir, Seer Govardhanpur, Varanasi.

The entire Ravidassia community in India and abroad have welcomed the announcement of Ravidassia Religion and 'Amrit Bani Satguru Ravidass Maharaj Ji'. All are thankful to the Sant Samaj for taking this historic decision. Liberty and dignity of Ravidassia *qaum* lies in Ravidassia Religion. Let us all follow our own religion in its true spirit.

-Chain Ram Suman Dera Sachkhand Ballan

"ਰਵਿਦਾਸੀਆ ਧਰਮ"

ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਸਭਨਾਂ ਨੂੰ ਪ੍ਰਭੂ-ਪ੍ਰੇਮ, ਭਗਤੀ ਤੇ ਸੱਚ ਦਾ ਰਸਤਾ ਦਿਖਾਉਂਦੀ ਹੈ, ਇੱਜ਼ਤ ਅਣਖ ਤੇ ਸਵੈਮਾਨ ਵਾਲਾ ਜੀਵਨ ਜਿਉਣ ਦਾ ਸਬਕ ਪੜਾਉਂਦੀ ਹੈ। ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ ਇੱਜਤ ਭਰੀ ਜ਼ਿੰਦਗੀ ਜਿਉਣ ਦਾ ਮਾਰਗ ਪ੍ਰਦਾਨ ਕਰਦੀ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਆਪਣੀ ਅੰਮ੍ਰਿਤਬਾਣੀ ਵਿਚ ਜਿਸ ਪਾਰਬ੍ਰਹਮ ਪਰਮੇਸ਼ਵਰ ਪ੍ਰਭੂ ਹਰਿ ਨੂੰ ਸਿਮਰਿਆ ਹੈ, ਯਾਦ ਕੀਤਾ ਹੈ, ਉਸ ਪ੍ਰਭੂ ਦੇ ਅਜਰ-ਅਮਰ ਗੁਣਾਂ ਨੂੰ ਵੀ ਧਾਰਨ ਕਰਨ ਦਾ ਸੱਚਾ ਉਪਦੇਸ਼ ਦਿੱਤਾ ਹੈ। ਪ੍ਰਮਾਤਮਾ ਜੀ ਦੇ ਗੁਣਾਂ ਦਾ ਹਿਸਾਬ ਜੀਵਾਂ ਦੇ ਕਰਨ ਦੀ ਵੱਸ ਦੀ ਗੱਲ ਨਹੀਂ। ਉਸ ਪ੍ਰਭੂ ਦਾ ਸਭ ਤੋਂ ਵੱਡਾ ਮਹਾਨ ਗੁਣ ਸਾਨੂੰ ਸਭ ਨੂੰ ਨਜ਼ਰ ਆਉਂਦਾ ਕਿ ਉਹ ਆਜ਼ਾਦ ਹਸਤੀ ਹੈ, ਉਸ ਦੀ ਬਣਾਈ ਸ੍ਰਿਸ਼ਟੀ ਵੀ ਆਜ਼ਾਦ ਹੀ ਹੈ। ਹਰਿ ਪ੍ਰਭੂ ਆਜ਼ਾਦੀ ਦਾ ਪ੍ਰਤੀਕ ਹੈ। ਜੋ ਆਪ ਕਿਸੇ ਸ਼ਕਤੀ ਦੇ ਤਹਿਤ ਗੁਲਾਮ ਨਹੀਂ ਹੈ ਅਤੇ ਆਪਣੇ ਬਣਾਏ ਜੀਵਾਂ ਨੂੰ ਵੀ ਗੁਲਾਮੀ ਭਰਿਆ ਜੀਵਨ ਜਿਉਣ ਤੋਂ ਰੋਕਦਾ ਹੈ। ਇੱਜ਼ਤ,ਮਾਣ-ਸਨਮਾਣ ਭਰਿਆ ਜੀਵਨ ਜਿਉਣ ਦਾ ਸੱਚਾ ਉਪਦੇਸ਼ ਦਿੰਦਾ ਹੈ। ਸਾਡਾ ਸਮਾਜ ਜੋ ਸ਼ੈਤਾਨੀ ਲੋਕਾਂ ਦੁਆਰਾ ਹਜ਼ਾਰਾਂ ਸਾਲ ਗੁਲਾਮੀ ਦੇ ਹਨੇਰੇ ਵਿਚ ਰੱਖਿਆ ਹੈ। ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਫ਼ਰਮਾਉਂਦੇ ਹਨ ਕਿ ਗੁਲਾਮੀ ਭਰਿਆ ਜੀਵਨ ਜਿਉਣਾ ਪਾਪ ਹੈ।

"ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤੁ
ਰਵਿਦਾਸ ਦਾਸ ਪਰਾਧੀਨ ਸੋ ਕੌਨ ਕਰੈ ਹੈ ਪ੍ਰੀਤੁ।।
ਪਰਾਧੀਨ ਕੋ ਦੀਨ ਕਯਾ ਪਰਾਧੀਨ ਬੇਦੀਨ।।
ਰਵਿਦਾਸ ਦਾਸ ਪਰਾਧੀਨ ਕੋ ਸਭ ਹੀ ਸਮਝੇ ਹੀਨ"।।

ਪਰਾਧੀਨਤਾ ਵਾਲਾ ਜੀਵਨ ਜਿਉਣਾ ਪਾਪ ਦੇ ਸਮਾਨ ਹੈ। ਇਸ ਵਾਸਤੇ ਪਰਾਧੀਨਤਾ ਤੋਂ ਮੁਕਤ ਹੋ ਕੇ ਜੀਵ ਨੂੰ ਇੱਜ਼ਤ-ਅਣਖ ਭਰਿਆ ਜੀਵਨ ਜਿਉਣਾ ਚਾਹੀਦਾ ਹੈ। ਪਰਾਏ ਦੇ ਅਧੀਨ ਰਹਿ ਕੇ ਜ਼ੁਲਮ ਸਹਿਣ ਕਰਨਾ ਪਾਪ ਹੈ। ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣ ਲਓ, ਸਮਝ ਲਓ, ਗੁਲਾਮੀ ਵਾਲਾ ਜੀਵਨ ਪਾਪ ਹੈ, ਕਿਉਂਕਿ ਗੁਲਾਮ ਨੂੰ ਸਭ ਹੀ ਦੁਰਕਾਰਦੇ ਹਨ। ਉਸ ਨਾਲ ਕੋਈ ਪ੍ਰੀਤ ਨਹੀਂ ਕਰਦਾ। ਜੋ ਪਰਾਏ ਦੇ ਅਧੀਨ ਹੈ ਉਸ ਦਾ ਆਪਣਾ ਕੋਈ ਧਰਮ ਨਹੀਂ ਹੈ। ਜਿਸ ਦਾ ਕੋਈ ਧਰਮ ਨਹੀਂ ਹੁੰਦਾ ਉਸ ਨੂੰ ਸਭ ਹੀ ਹੀਣ ਸਮਝਦੇ ਹਨ। ਸਤਿਗੁਰੂ ਰਵਿਦਾਸ ਜੀ ਸਮੁੱਚੀ ਅੰਮ੍ਰਿਤਬਾਣੀ ਰਾਹੀਂ ਸਮਾਜ ਨੂੰ ਇੱਜ਼ਤ, ਸਵੈਮਾਣ ਤੇ ਅਣਖ ਭਰਿਆ ਜੀਵਨ ਬਤੀਤ ਕਰਨ ਦਾ ਮਹਾਨ ਉਪਦੇਸ਼ ਬਖ਼ਸ਼ਿਸ਼ ਅਤੇ ਗੁਲਾਮੀ ਭਰਿਆ ਜੀਵਨ ਤਿਆਗ ਦੇਣ ਦਾ ਉਪਦੇਸ਼ ਦਿੰਦੇ ਹਨ। ਸਤਿਗੁਰੂ ਰਵਿਦਾਸ ਜੀ ਨੂੰ ਮੰਨਣ ਵਾਲਾ ਸਮਾਜ ਦਲਿਤ ਸਮਾਜ ਜੋ ਹਜ਼ਾਰਾਂ ਸਾਲਾਂ ਤੋਂ ਗੁਲਾਮੀ ਭਰਿਆ ਜੀਵਨ ਬਤੀਤ ਕਰਦਾ ਆ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ, ਸਤਿਗੁਰੂ ਸਧਨਾ ਜੀ ਅਤੇ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ਾਂ ਨੇ ਜਾਗ੍ਰਿਤੀ ਪੈਦਾ ਕੀਤੀ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਜੀ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਬਾਬੂ ਮੰਗੂ ਰਾਮ ਜੀ ਦੇ ਮਿਸ਼ਨ ਪ੍ਰਚਾਰ ਦੁਆਰਾ ਲਿਆਂਦੀ ਜਾਗ੍ਰਿਤੀ ਸਦਕਾ ਅੱਜ ਇਹ ਸਮਾਜ ਆਪਣੇ ਮਾਣ ਸਨਮਾਨ ਦੀ ਖਾਤਿਰ ਸਿਰ ਧੜ ਦੀ ਬਾਜ਼ੀ ਲਾਉਣ ਲਈ ਤਿਆਰ ਹੈ। ਜੋ ਅੱਜ ਤੱਕ ਕਿਸੇ ਦੂਸਰੇ ਦੇ ਧਰਮਾਂ ਵਿਚ ਆਪਣੀਆਂ ਕੁਰਬਾਨੀ ਦੀਆਂ ਕਹਾਣੀਆਂ ਬਣਾਉਂਦਾ ਆ ਰਿਹਾ ਸੀ। ਅੱਜ ਉਹ ਸਮਾਜ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ ਆਪਣਾ ਵਜੂਦ ਦੁਨੀਆਂ ਨੂੰ ਦਿਖਾਉਣ ਲਈ ਮੈਦਾਨ ਵਿਚ ਨਿਤਰਿਆ ਹੈ। 30 ਜਨਵਰੀ 2010 ਨੂੰ ਸਤਿਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਕਾਂਸ਼ੀ ਬਨਾਰਸ ਤੋਂ ਸੰਤ ਨਿਰੰਜਣ ਦਾਸ ਜੀ ਤੇ ਹੋਰ ਸੰਤ ਮਹਾਂਪੁਰਸ਼ਾਂ ਦੀ ਅਗਵਾਈ ਵਿਚ ਕਰੋੜਾਂ ਦੇ ਜਨ-ਸਮੂਹ ਸੰਗਤਾਂ ਦੇ ਇਕੱਠ ਵਿਚ ਮਾਣ-ਸਨਮਾਨ ਦੀ ਰਾਹ ਤੇ ਚਲਦਿਆਂ "ਰਵਿਦਾਸੀਆ ਧਰਮ" ਐਲਾਨ ਕਰ ਦਿੱਤਾ। ਜ਼ਬਰ ਜ਼ੁਲਮ,ਕੱਟੜਤਾ ਸ਼ੈਤਾਨੀ ਤਾਕਤਾਂ ਵਿਰੁੱਧ ਸਮੁੱਚੀ ਦੁਨੀਆਂ ਨੂੰ ਅਮਨ ਦਾ ਪੈਗਾਮ ਦੇਣ ਨੂੰ ਮੈਦਾਨ ਵਿਚ ਉਤਰੀ ਸੋਚ ਦਾ ਨਾਮ ਹੈ "ਰਵਿਦਾਸੀਆ ਧਰਮ"। ਸਤਿਗੁਰੂ ਰਵਿਦਾਸ ਜੀ ਦੇ ਸਮੁੱਚੇ ਵਿਸ਼ਵ ਵਿਚ ਫੈਲੇ ਪੈਰੋਕਾਰਾਂ ਨੇ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ "ਬੇਗਮਪੁਰਾ ਸਹਿਰ ਕੋ ਨਾਉ" ਪੂਰੇ ਵਿਸ਼ਵ ਵਿਚ ਫੈਲਾਉਣ ਲਈ, ਜਨ ਜਾਗ੍ਰਿਤੀ ਲਈ, ਸਤਿਗੁਰਾਂ ਦੇ ਮਿਸ਼ਨ ਨੂੰ ਘਰ- ਘਰ ਪਹੁੰਚਾਉਣ ਲਈ ਰਵਿਦਾਸੀਆ ਧਰਮ ਦਾ ਝੰਡਾ ਗੱਡਿਆ ਹੈ। ਸਾਰੇ ਵਿਸ਼ਵ ਵਿਚ ਸੁਖਮਈ ਤੇ ਸ਼ਾਂਤੀ ਦਾ ਹੋਕਾ ਦਿੰਦਾ ਰਵਿਦਾਸੀਆਂ ਧਰਮ ਸਾਰੀ ਮਾਨਵਤਾ ਨੂੰ ਅਮਨ ਦਾ ਪਾਠ ਗੁਰੂ ਰਵਿਦਾਸ ਜੀ ਦੀ ਛਤਰ-ਛਾਇਆ ਵਿਚ ਰਹਿ ਕੇ ਪੜ੍ਹਾ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਨੇ ਜੀਵਨ ਭਰ ਸੰਘਰਸ਼ ਭਰੇ ਰਾਹਾਂ ਤੋਂ ਗੁਜ਼ਰਦਿਆਂ ਸਮਾਜ ਨੂੰ ਮਾਣ, ਸਨਮਾਨ, ਇੱਜਤ, ਮਾਨਵੀ ਹੱਕ, ਹਰ ਸੁੱਖ ਸਹੂਲਤ ਮੁਹੱਈਆ ਕਰਵਾਈ। ਜੋ ਸਮਾਜ ਅੱਜ ਸੁੱਖ ਸਹੂਲਤਾਂ ਭਰਿਆਂ ਜੀਵਨ ਬਤੀਤ ਕਰ ਰਿਹਾ ਹੈ ਇਹ ਸਤਿਗੁਰੂ ਰਵਿਦਾਸ ਜੀ ਦੀ ਬਦੌਲਤ ਹੈ। ਅੱਜ ਇਹ ਸ਼ਬਦ ਸਮਾਜ ਨੂੰ ਸੋਚਾਂ ਵਿਚ ਬਿਠਾ ਲੈਣੇ ਚਾਹੀਦੇ ਹਨ ਕਿ ਜੇਕਰ ਸਤਿਗੁਰੂ ਰਵਿਦਾਸ ਜੀ ਦੁਨੀਆਂ ਵਿਚ ਨਾ ਆਉਂਦੇ ਤੇ ਅੰਮ੍ਰਿਤਬਾਣੀ ਨਾ ਉਚਾਰਦੇ ਤਾਂ ਇਹ ਸਮਾਜ ਲੱਭਿਆ ਨਹੀਂ ਲੱਭਣਾ ਸੀ। ਅੱਜ ਸਮੁੱਚੇ ਵਿਸ਼ਵ ਵਿਚ ਸਤਿਗੁਰੂ ਰਵਿਦਾਸ ਜੀ ਦੇ ਪੈਰੋਕਾਰ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਕੇ ਸੇਵਾਵਾਂ ਨਿਭਾ ਰਹੇ ਹਨ। ਅੱਜ ਸਮੁੱਚੇ ਪੈਰੋਕਾਰਾਂ ਦਾ ਫਰਜ ਬਣਦਾ ਹੈ ਕਿ ਆਪਣੇ ਇਸ਼ਟ ਸਤਿਗੁਰੂ ਰਵਿਦਾਸ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਹਿੱਤ ਰਵਿਦਾਸੀਆ ਧਰਮ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਜੋ ਐਲਾਨ ਹੋਇਆ ਹੈ ਸਾਡਾ ਰਹਿਬਰ – ਸਤਿਗੁਰੂ ਰਵਿਦਾਸ ਜੀ, ਸਾਡਾ ਕੌਮੀ ਨਿਸ਼ਾਨ – 'ਹਰਿ', ਸਾਡਾ ਸੰਬੋਧਨ – ਜੈ ਗੁਰਦੇਵ, ਸਾਡਾ ਤੀਰਥ ਅਸਥਾਨ – ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ ਵਾਰਾਨਸੀ (ਯੂ.ਪੀ), ਸਾਡਾ ਉਦੇਸ਼ – ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਮਾਨਵਵਾਦੀ ਵਿਚਾਰਧਾਰਾ ਦੇ ਨਾਲ-ਨਾਲ ਮਹਾਰਿਸ਼ੀ ਭਗਵਾਨ ਬਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਸਧਨਾ ਜੀ, ਸਤਿਗੁਰੂ ਸੈਨ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ। ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਤੇ ਸਦਾਚਾਰੀ ਜੀਵਨ ਬਤੀਤ ਕਰਨਾ। ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਪ੍ਰਚਾਰਦਿਆਂ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਸੰਤ ਨਿਰੰਜਨ ਦਾਸ ਜੀ ਤੇ ਸੰਤ ਰਾਮਾ ਨੰਦ ਜੀ ਵਿਆਨਾ (ਆਸਟਰੀਆ) ਦੇ ਗੁਰੂ ਰਵਿਦਾਸ ਮੰਦਿਰ ਵਿਚ ਗਏ ਤੇ ਉਥੇ ਉਹਨਾਂ ਤੇ ਹਮਲਾ ਕੀਤਾ ਗਿਆ ਜਿਸ ਵਿਚ ਸੰਤ ਨਿਰੰਜਣ ਦਾਸ ਜੀ ਜ਼ਖਮੀ ਹੋ ਗਏ ਤੇ ਸੰਤ ਰਾਮਾ ਨੰਦ ਜੀ ਸ਼ਹੀਦ ਹੋ ਗਏ। ਸਤਿਗੁਰੂ ਰਵਿਦਾਸ ਜੀ ਦੀ ਵਿਚਾਰਾਧਾਰ ਤੇ ਹਮਲਾ ਹੋਇਆ ਇਸ ਹਮਲੇ ਦਾ ਜਵਾਬ ਦੇਣ ਹਿੱਤ ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਨੂੰ ਨਤਮਸਤਕ ਹੁੰਦਿਆਂ 30 ਜਨਵਰੀ 2010 ਨੂੰ 'ਰਵਿਦਾਸੀਆ ਧਰਮ' ਦਾ ਐਲਾਨ ਕਰਕੇ ਸੰਗਤ ਨੂੰ ਆਪਣਾ ਘਰ, ਆਪਣੀ ਵਿਰਾਸਤ ਦਿੱਤੀ। ਅੱਜ ਸਮੁੱਚੀ ਕੌਮ ਦਾ ਫਰਜ਼ ਬਣਦਾ ਹੈ ਆਪਣੇ ਬਾਪ ਦੀ ਵਿਰਾਸਤ ਨੂੰ ਸਾਂਭਣ ਦਾ, ਅੱਜ ਅਸੀਂ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਵਿਸ਼ਵ ਵਿਚ ਮਹਾਨ ਬੇਗਮਪੁਰਾ ਸ਼ਹਿਰ ਦੀ ਸੋਚ ਦੇਣੀ ਚਾਹੁੰਦੇ ਹਾਂ ਤਾਂ ਸਪੱਸ਼ਟ ਸੋਚ ਰਵਿਦਾਸੀਆ ਧਰਮ ਐਲਾਨ ਕਰਨਾ ਹੋਵੇਗਾ। ਆਪਣੇ ਗੁਰੂ ਰਵਿਦਾਸ ਦੀ ਸਿੱਖਿਆ ਤੇ ਅਮਲ ਕਰਕੇ ਆਪਣੇ ਧਰਮ ਦਾ ਹਰਿ ਦਾ ਨਿਸ਼ਾਨ ਸਾਹਿਬ ਝੁਲਾਉਣਾ ਹੈ। "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ" ਧਾਰਮਿਕ ਪੁਸਤਕ ਦਾ ਜਾਪ ਕਰਨਾ ਤੇ ਸਮੁੱਚੀ ਸੰਗਤ ਨੂੰ ਕਰਾਉਣਾ।

ਜਗਤਗੁਰੂ ਰਵਿਦਾਸ ਜੀ ਦੇ ਸਮਾਜ ਨੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਅੰਦੋਲਨ ਚਲਾਏ ਜੋ ਅਲੱਗ-ਅਲੱਗ ਨਾਂਵਾਂ ਨਾਲ ਪ੍ਰਸਿੱਧ ਹਨ। ਉੱਤਰ ਪ੍ਰਦੇਸ਼ ਵਿੱਚ ਜਾਟਵ ਅੰਦੋਲਨ, ਮੱਧ ਪ੍ਰਦੇਸ਼ ਵਿੱਚ ਅਹਿਰਵਾਰ ਅੰਦੋਲਨ, ਛੱਤੀਸਗੜ੍ਹ ਵਿੱਚ ਸਤਨਾਮ ਅੰਦੋਲਨ, ਆਂਧਰਾ ਪ੍ਰਦੇਸ਼ ਅਤੇ ਕਰਨਾਟਕਾ ਵਿੱਚ ਮਾਦੀਗਾ ਅੰਦੋਲਨ ਅਤੇ ਪੰਜਾਬ ਵਿੱਚ ਆਦਿ ਧਰਮ ਅੰਦੋਲਨ ਚਲਾਏ ਗਏ। ਭਾਰਤ ਦੇ ਹੋਰ ਭਾਗਾਂ ਵਿੱਚ ਵੀ ਵੱਖ-ਵੱਖ ਨਾਂਵਾਂ ਤੇ ਅੰਦੋਲਨ ਚਲਾਏ ਗਏ। ਰਵਿਦਾਸੀਆ ਧਰਮ ਬਣਨ ਨਾਲ ਸਾਰੇ ਅੰਦੋਲਨਾਂ ਦੀ ਮਿਹਨਤ ਸਾਰਥਕ ਹੋ ਗਈ।

ਜੈ ਗੁਰੂਦੇਵ ਧੰਨ ਗੁਰੂਦੇਵ

—ਰਾਜੇਸ਼ ਕੈਂਥ

ਭਬਿਆਣਵੀ

(ਬਰਸੀ 'ਤੇ ਵਿਸ਼ੇਸ਼)

ਧੰਨ-ਧੰਨ
ਬਾਬਾ ਪਿੱਪਲ ਦਾਸ ਜੀ ਮਹਾਰਾਜ

ਜ਼ਿਲਾ ਹੈ ਬਠਿੰਡਾ ਪਿੰਡ ਗਿੱਲ ਪੱਤੀ ਬਾਬਾ ਜੀ ਦਾ,
ਬਾਬਾ ਪਿੱਪਲ ਦਾਸ ਜਦੋਂ ਇਸ ਪਾਸੇ ਆਏ ਸੀ।
ਉਨ੍ਹਾਂ ਨਾਲ ਬੇਟਾ ਉਹਦਾ ਨਾਮ ਸਰਵਣ ਦਾਸ ਜੀ ਸੀ,
ਉਂਗਲੀ ਫੜਾ ਕੇ ਉਹਨੂੰ ਨਾਲ ਪ੍ਰਭੂ ਲਿਆਏ ਸੀ।
ਜ਼ਿਲਾ ਹੈ ਜਲੰਧਰ ਨਾਮ ਪਿੰਡ ਹੈ ਸਰਮਸਤਪੁਰ,
ਸਾਰਿਆਂ ਤੋਂ ਪਹਿਲਾਂ ਡੇਰੇ ਉਸ ਪਿੰਡ ਲਾਏ ਸੀ।
ਨਾਲ ਦਾ ਹੈ ਬੱਲਾਂ ਪਿੰਡ, ਲੋਕ ਇਕੱਠੇ ਹੋ ਕੇ ਆ ਗਏ,
ਬੜੇ ਹੀ ਪ੍ਰੇਮ ਨਾਲ ਸੀਸ ਵੀ ਨਿਵਾਏ ਸੀ।
ਹੱਥ ਜੋੜ ਸਾਰੇ ਵੱਡੇ ਬਾਬਾ ਜੀ ਨੂੰ ਕਹਿਣ ਲੱਗੇ,
ਬੇਨਤੀ ਹੈ ਸਾਡੀ, ਸਾਡੀ ਗੱਲ ਨੂੰ ਨਾ ਮੋੜਿਓ।
ਆਸਾਂ ਤੇ ਉਮੀਦਾਂ ਅਸੀਂ ਸਾਰੇ ਲੈ ਕੇ ਆਏ ਬਾਬਾ ਜੀ,
ਦੇਖੋ ਮਹਾਰਾਜ ਸਾਡੇ ਦਿਲ ਨੂੰ ਨਾ ਤੋੜਿਓ।
ਪਿਆਰ ਜਦੋਂ ਦੇਖਿਆ ਸੀ ਸੰਗਤ ਦਾ ਅਥਾਹ ਉਨ੍ਹਾਂ,
ਉੱਠਕੇ ਤੇ ਸੰਗਤਾਂ ਨੂੰ ਗਲ ਨਾਲ ਲਾ ਲਿਆ।
ਇੱਦਾਂ ਲੱਗਾ ਜਿੱਦਾਂ ਕੋਈ ਮਣਕਾ ਪ੍ਰੇਮ ਵਾਲਾ,
ਚੁਕਕੇ ਤੇ ਸੰਗਤਾਂ ਨੇ ਗਲ ਵਿਚ ਪਾ ਲਿਆ।
ਬੜੀ ਸੋਚ ਸਮਝਕੇ ਸਲਾਹ ਕੀਤੀ ਪਿੰਡ ਨਾਲ,
ਬੜੇ ਹੀ ਪਿਆਰ ਨਾਲ ਗੱਲ ਉਨ੍ਹਾਂ ਮੰਨ ਲਈ।
ਪਿੰਡ ਸਰਮਸਤਪੁਰ ਨੂੰ ਦੇ ਕੇ ਅਸ਼ੀਰਵਾਦ,
ਬੱਲਾਂ ਪਿੰਡ ਵਿਚ ਆ ਕੇ ਛੰਨ ਜਹੀ ਬੰਨ੍ਹ ਲਈ।
ਦਿਨੋਂ ਦਿਨ ਲੋਕੀਂ ਉਥੇ ਦਰਸ਼ਨਾਂ ਨੂੰ ਆਉਣ ਲੱਗੇ,
ਕੋਈ ਆ ਕੇ ਦੁੱਧ ਮੰਗੇ ਪੁੱਤਾਂ ਦੀ ਦਾਤ ਨੂੰ।
ਕਿਸੇ ਨੂੰ ਵੀ ਬਾਬਾ ਜੀ ਨੇ ਖਾਲੀ ਨਹੀਂ ਮੋੜਿਆ ਸੀ,
ਸਾਰੇ ਪਏ ਤੱਕਦੇ ਸੀ ਨਵੀਂ ਪ੍ਰਭਾਤ ਨੂੰ।
ਸੰਤ ਸਰਵਣ ਦਾਸ ਜੀ ਨੂੰ ਵਿੱਦਿਆ ਪੜ੍ਹਾਈ ਆਪ,
ਕਹਿੰਦੇ ਬੇਟਾ ਤੂੰ ਤਾਂ ਮੇਰਾ ਨਾਂ ਚਮਕਾਉਣਾ ਹੈ।
ਲੱਖਾਂ ਹੀ ਪਰੇਮੀਆਂ ਨੂੰ ਨਾਮ-ਦਾਨ ਦੇਣਾ ਤੁਸੀਂ,
ਸੁੱਤੀ ਮੇਰੀ ਕੌਮ ਇਹਨੂੰ ਆਪ ਨੇ ਜਗਾਉਣਾ ਹੈ।
ਸਾਰੀ ਸਾਧ-ਸੰਗਤ ਨੂੰ ਬੁਲਾ ਕੇ ਪਾਸ ਬਾਬਾ ਜੀ ਨੇ,
ਕਹਿੰਦੇ ਮੇਰੇ ਬੱਚਿਓ ਨਹੀਂ ਭੁੱਲਣਾ ਉਂਕਾਰ ਨੂੰ।
ਸੰਗਤਾਂ ਨੂੰ ਉਂਗਲੀ ਫੜਾ ਕੇ ਸੱਚੇ ਪਾਤਸ਼ਾਹ ਦੀ,
ਆਪ ਜੀ ਉਡਾਰੀ ਮਾਰ ਗਏ ਸੰਸਾਰ ਤੋਂ।
ਬਾਬਾ ਜੀ ਤੋਂ ਪਿੱਛੋਂ ਤੁਸੀਂ ਸਾਰੇ ਲੋਕ ਜਾਣਦੇ ਹੋ,
ਸੰਤਾਂ ਨੇ ਜੱਗ ਉੱਤੇ ਕੀਤੀ ਰੁਸ਼ਨਾਈ ਸੀ।
ਗੁਰੂ ਰਵਿਦਾਸ ਮਹਾਰਾਜ ਜੀ ਦੀ ਸਿੱਖਿਆ,
ਦੇਸ਼ ਤੇ ਵਿਦੇਸ਼, ਘਰ-ਘਰ 'ਚ ਪੁਚਾਈ ਸੀ।
ਵਿਦਿਆ ਪੜ੍ਹਾਓ ਉਨ੍ਹਾਂ ਕਿਹਾ ਸਾਰੇ ਬੱਚਿਆਂ ਨੂੰ,
ਗੁਰੂ ਰਵਿਦਾਸ ਜੀ ਦੇ ਨਾਮ ਨੂੰ ਧਿਆ ਲਿਉ।
ਮੰਦਰ ਬਣੇਗਾ ਕਾਂਸ਼ੀ ਉੱਥੇ ਵੀ ਜ਼ਰੂਰ ਜਾਇਓ,
ਨਸ਼ਿਆਂ ਤੋਂ ਦੂਰ ਰਹੋ ਗੱਲ ਪੱਲੇ ਪਾ ਲਿਉ।
ਵਹਿਮਾਂ ਤੇ ਭਰਮਾਂ ਨੂੰ ਲਾਗੇ ਨਹੀਂ ਆਉਣ ਦੇਣਾ,
ਗੁਰੂ ਰਵਿਦਾਸ ਜੀ ਦਾ ਪੱਲਾ ਨਹੀਂ ਛੱਡਣਾ।
ਇਕ ਦਿਨ ਕਾਮਯਾਬ ਹੋਵੋਗੇ ਜ਼ਰੂਰ ਤੁਸੀਂ,
ਝੰਡਾ ਏਕਤਾ ਦਾ ਮੇਰੇ ਬੱਚਿਓ ਹੈ ਗੱਡਣਾ।
ਸੰਤ ਹਰੀ ਦਾਸ ਤੇ ਬੁਲਾ ਕੇ ਸਾਰੇ ਸੰਤਾਂ ਨੂੰ,
ਮੇਰੇ ਪਿੱਛੋਂ ਸੰਗਤਾਂ ਨੂੰ ਗਲ ਨਾਲ ਲਾ ਲਿਉ।
ਨਾਮ-ਦਾਨ ਦੇਣਾ ਨਾਲੇ ਲੰਗਰ ਚਲਾਉਣਾ ਤੁਸੀਂ,
ਭਟਕੇ ਪ੍ਰਾਣੀਆਂ ਨੂੰ ਸਿੱਧੇ ਰਾਹੇ ਪਾ ਦਿਉ।
ਇੰਨੀ ਗੱਲ ਕਰਕੇ ਸਮਾਧੀ ਲਾ ਲਈ ਉਸੀ ਵੇਲੇ,
ਸੰਗਤਾਂ ਨੂੰ ਕਿਹਾ ਸਾਰੇ ਸਤਿਨਾਮ ਬੋਲਿਓ।
ਧੀਰਜ, ਸ਼ਾਂਤੀ ਤੇ ਹੌਸਲੇ ਨੂੰ ਛੱਡਣਾ ਨਹੀਂ,
ਸੌ ਦੁੱਖ ਆਵੇ 'ਪਾਲ' ਕਦੇ ਵੀ ਨਾ ਡੋਲਿਓ।

—ਕੌਮੀ ਕਵੀ ਸੀ.ਡੀ. ਪਾਲ, ਜੰਡੂਸਿੰਘਾ

ਸਪਤਾਹਿਕ ਬੇਗਮਪੁਰਾ ਸ਼ਹਿਰ,
ਆਪ ਪੜ੍ਹੋ ਅਤੇ
ਦੂਸਰਿਆਂ ਨੂੰ ਪੜ੍ਹਨ ਲਈ ਪ੍ਰੇਰੋ।

ਮਹਾਨ ਸਮਾਜ ਸੁਧਾਰਕ, ਭਗਤੀ ਦੇ ਪੁੰਜ, ਰੂਹਾਨੀਅਤ ਦੇ ਮਸੀਹਾ

ਬ੍ਰਹਮਲੀਨ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ

ਬਰਸੀ ਸਮਾਗਮ 'ਤੇ

ਸ਼ਰਧਾ ਅਤੇ ਸਤਿਕਾਰ ਭਰੀ ਸ਼ਰਧਾਂਜਲੀ ਭੇਟ ਕਰਦੇ ਹਾਂ

ਵਲੋਂ—ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ.)

ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਚੇਅਰਮੈਨ, ਸੰਤ ਸੁਰਿੰਦਰ ਦਾਸ ਜੀ ਬਾਵਾ (ਵਾਈਸ ਚੇਅਰਮੈਨ), ਸ਼੍ਰੀ ਐਸ.ਆਰ. ਹੀਰ (ਜਨਰਲ ਸੈਕਟਰੀ), ਸ਼੍ਰੀ ਹੁਕਮ ਚੰਦ ਜੱਜ ਸਾਹਿਬ, ਸ਼੍ਰੀ ਦੇਵ ਰਾਜ, ਸ਼੍ਰੀ ਡੀ.ਸੀ. ਭਾਟੀਆ, ਸ਼੍ਰੀ ਤਰਸੇਮ ਲਾਲ ਸਰੋਆ, ਪ੍ਰਿੰ. ਸ਼੍ਰੀ ਜੋਗੀ ਰਾਮ, ਸ਼੍ਰੀ ਚਮਨ ਸਿੰਘ ਭਟੋਆ, ਸ਼੍ਰੀ ਪਰਸ਼ੋਤਮ ਦਾਦਰਾ।

ਯੁੱਗ-ਪੁਰਸ਼, ਇਨਕਲਾਬੀ ਆਗੂ, ਦਲਿਤਾਂ ਦੇ ਰਹਿਬਰ, ਰੂਹਾਨੀਅਤ ਦੇ ਪੁੰਜ

ਬ੍ਰਹਮਲੀਨ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ

ਬਰਸੀ ਸਮਾਗਮ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ

ਵਲੋਂ—ਅਖਿਲ ਭਾਰਤੀਆ ਰਵਿਦਾਸੀਆ ਧਰਮ ਸੰਗਠਨ (ਰਜਿ.) ਭਾਰਤ

ਮਹਾਨ ਸਮਾਜ ਸੁਧਾਰਕ, ਭਗਤੀ ਦੇ ਪੁੰਜ, ਰੂਹਾਨੀਅਤ ਦੇ ਮਸੀਹਾ

ਬ੍ਰਹਮਲੀਨ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ

ਬਰਸੀ ਸਮਾਗਮ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ

ਵਲੋਂ—ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਟਰਸਟ (ਰਜਿ.)

ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਚੇਅਰਮੈਨ, ਸੰਤ ਸੁਰਿੰਦਰ ਦਾਸ ਜੀ ਬਾਵਾ, ਸ਼੍ਰੀ ਐਸ.ਆਰ. ਹੀਰ (ਸੈਕਟਰੀ), ਸ਼੍ਰੀ ਕਿਰਪਾਲ ਚੰਦ (ਖਜ਼ਾਨਚੀ), ਸ਼੍ਰੀ ਚਮਨ ਲਾਲ, ਸ਼੍ਰੀ ਕ੍ਰਿਸ਼ਨ ਦਾਸ ਮਹੇ ਅਤੇ ਸ਼੍ਰੀ ਜੈ ਰਾਮ।

ਭਗਤੀ ਦੇ ਪੁੰਜ, ਰੂਹਾਨੀਅਤ ਦੇ ਮਸੀਹਾ,
ਮਹਾਨ ਸਮਾਜ ਸੁਧਾਰਕ

ਬ੍ਰਹਮਲੀਨ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ

ਬਰਸੀ ਸਮਾਗਮ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ

ਵਲੋਂ—
ਸ਼੍ਰੀ 108 ਸੰਤ ਸਰਵਣ ਦਾਸ ਮਾਡਲ ਸਕੂਲ ਟਰੱਸਟ,
ਹਦੀਆਬਾਦ (ਫਗਵਾੜਾ)

ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਚੇਅਰਮੈਨ ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਅੱਡਾ ਕਠਾਰ ਅਤੇ ਟਰੱਸਟੀਜ਼, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਨ।

ਸੰਤ ਸਮਾਜ ਦੇ ਸਿਰਮੌਰ

ਬ੍ਰਹਮਲੀਨ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ

ਬਰਸੀ ਸਮਾਗਮ 'ਤੇ

ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ

ਵਲੋਂ—
ਸੰਤ ਸਰਵਣ ਦਾਸ ਵੈਲਫੇਅਰ ਸੁਸਾਇਟੀ,
ਯੂਰਪ

ਨਾਮ ਦੇ ਰਸੀਏ, ਮਹਾਨ ਸਮਾਜ ਸੁਧਾਰਕ

ਬ੍ਰਹਮਲੀਨ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ

ਬਰਸੀ ਸਮਾਗਮ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ

ਵਲੋਂ—ਸ਼੍ਰੀ 108 ਸੰਤ ਸਰਵਣ ਦਾਸ ਚੈਰੀਟੇਬਲ ਟਰਸਟ (ਯੂ.ਕੇ.)

ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਚੇਅਰਮੈਨ, ਟਰੱਸਟੀਜ਼ ਸ਼੍ਰੀ ਪਿਆਰੇ ਲਾਲ ਬੱਧਣ (ਕਨਵੀਨਰ), ਸ਼੍ਰੀ ਸਵਰਨ ਦਾਸ ਬੰਗੜ, ਸ਼੍ਰੀ ਨਿਰਮਲ ਦਾਸ ਚੰਦੜ, ਸ਼੍ਰੀ ਹਰਬੰਸ ਲਾਲ ਸ਼ੌਂਕੀ, ਸ਼੍ਰੀ ਅਜੀਤ ਕੁਮਾਰ ਕੰਵਲ, ਸ਼੍ਰੀ ਮਹਿੰਦਰ ਰਾਮ ਮਹਿਮੀ, ਸ਼੍ਰੀ ਪਿਆਰੇ ਲਾਲ ਬੈਂਸ, ਸ਼੍ਰੀ ਲਛਮਣ ਸਿੰਘ ਕਲੇਰ, ਸ਼੍ਰੀ ਕੈਲਾਸ਼ ਚੰਦਰ ਕਲੇਰ, ਸ਼੍ਰੀ ਅਮੀਂ ਚੰਦ ਵਿਰਦੀ, ਸ਼੍ਰੀ ਤਰਸੇਮ ਲਾਲ ਚੌਹਾਨ।

ਮਹਾਨ ਸਮਾਜ ਸੁਧਾਰਕ, ਭਗਤੀ ਦੇ ਪੁੰਜ, ਰੂਹਾਨੀਅਤ ਦੇ ਮਸੀਹਾ

ਬ੍ਰਹਮਲੀਨ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ

ਬਰਸੀ ਸਮਾਗਮ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ

ਵਲੋਂ—ਸ਼੍ਰੀ 108 ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ (ਵੈਨਕੂਵਰ), ਕੈਨੇਡਾ

ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਚੇਅਰਮੈਨ, ਟਰੱਸਟੀਜ਼ ਸ਼੍ਰੀ ਸੁਖਦੇਵ ਬੰਗੜ, ਸ੍ਰੀ ਵਰਿੰਦਰ ਕੁਮਾਰ ਬੰਗੜ, ਸ਼੍ਰੀ ਜੈਪਾਲ ਵਿਰਦੀ, ਸ੍ਰੀ ਕਰਮ ਚੰਦ ਵਿਰਦੀ, ਸ਼੍ਰੀ ਰਕੇਸ਼ ਵਿਰਦੀ, ਸ਼੍ਰੀ ਕਮਲੇਸ਼ ਚੰਦੜ, ਸ੍ਰੀ ਸੁੱਚਾ ਜੱਸੀ, ਸ੍ਰੀ ਮਦਨ ਝਿੰਮ, ਸ਼੍ਰੀ ਸੁੰਦਰ ਕੈਲੇ, ਸ੍ਰੀ ਗੋਪਾਲ ਲੋਹੀਆ, ਸ੍ਰੀ ਸਤਪਾਲ ਮਹੇ, ਸ੍ਰੀ ਰੂਪ ਲਾਲ ਫੀਰ ਅਤੇ ਸ੍ਰੀ ਸੰਤੋਖ ਸੁੰਢ।

ਭਗਤੀ ਦੇ ਪੁੰਜ, ਰੂਹਾਨੀਅਤ ਦੇ ਮਸੀਹਾ

ਬ੍ਰਹਮਲੀਨ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਮਹਾਰਾਜ ਜੀ ਦੇ

ਬਰਸੀ ਸਮਾਗਮ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ

ਵਲੋਂ-ਸ਼੍ਰੀ ਗੁਰੂ ਰਵਿਦਾਸ ਨੌਜਵਾਨ ਸਭਾ, ਸ਼ੋਸ਼ਲ ਵੈਲਫੇਅਰ
ਤੇ ਡਾ: ਬੀ.ਆਰ. ਅੰਬੇਡਕਰ ਮਿਸ਼ਨ ਸੁਸਾਇਟੀ (ਗਰੀਸ)

ਸੰਤ ਸਮਾਜ ਦੇ ਸਿਰਮੌਰ

ਬ੍ਰਹਮਲੀਨ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਮਹਾਰਾਜ ਜੀ
ਦੇ ਬਰਸੀ ਸਮਾਗਮ 'ਤੇ
ਸ਼ਰਧਾ ਦੇ ਫੁਲ ਭੇਟ ਕਰਦੇ ਹਾਂ

ਵਲੋਂ-ਸ਼੍ਰੀ 108 ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ
(ਯੂ.ਐਸ.ਏ.)

श्री 108 संत निरंजन दास जी महाराज और संत सुरिन्दर दास बावा जी की तरफ से रविदासिया धर्म के प्रचार व प्रसार के लिए इंग्लैण्ड की यात्रा

ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸ਼ਨ-ਦੀਦਾਰੇ।

ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਰਵਿਦਾਸੀਆ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਇੰਗਲੈਂਡ ਦੀ ਯਾਤਰਾ ਦੌਰਾਨ ਵੱਖ-ਵੱਖ ਸਮਾਗਮਾਂ ਵਿਚ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਦਰਸ਼ਨ ਦੀਦਾਰੇ ਕੀਤੇ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ।

ਹਾਈ ਕਮਿਸ਼ਨ ਆਫ਼ ਇੰਡੀਆ ਸ਼੍ਰੀ ਰਸਵੀ ਸਵੇਨ ਦਾ ਸਨਮਾਨ ਕਰਦੇ ਹੋਏ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ, ਸੰਤ ਸੁਰਿੰਦਰ ਦਾਸ ਬਾਵਾ ਜੀ, ਸ਼੍ਰੀ ਪਿਆਰੇ ਲਾਲ ਬੰਧਣ ਜੀ, ਸ਼੍ਰੀ ਬਲਬੀਰ ਕਲੇਰ ਜੀ, ਸ਼੍ਰੀ ਹਰਬੰਸ ਸ਼ੌਕੀ ਜੀ, ਸ਼੍ਰੀ ਨਿਰਮਲ ਚੰਦੜ, ਸ਼੍ਰੀ ਮਦਨ ਕਰਟੋਨੇ ਜੀ, ਸ਼੍ਰੀ ਮੋਹਨ ਕਰਟੋਨੇ ਜੀ ਤੇ ਸ਼੍ਰੀ ਲਛਮਣ ਦਾਸ ਜੀ।

ਸਰਬੱਤ ਦੇ ਭਲੇ ਦੀ ਅਰਦਾਸ ਕਰਦੀਆਂ ਸੰਗਤਾਂ।

ਇੰਗਲੈਂਡ ਵਿਖੇ ਵੱਖ-ਵੱਖ ਸਮਾਗਮਾਂ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਪ੍ਰਵਚਨ ਸਰਵਣ ਕਰਦੀਆਂ ਹੋਈਆਂ।